ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
ਵਿੱਤੀ ਕਮਿਸ਼ਨਰਜ ਸਕੱਤਰੇਤ
(ਪ੍ਰਸਾਸ਼ਨ-3 ਸ਼ਾਖਾ)

ਵਿੱਤੀ ਕਮਿਸ਼ਨਰਜ ਸਕੱਤਰੇਤ ਵਿੱਚ ਮੌਜੂਦਾ ਡੀ.ਸੀ ਰੇਟ (ਚੰਡੀਗੜ੍ਹ) ਤੇ ਆਊਟਸੋਰਸ ਰਾਹੀਂ ਭਰੀਆਂ 55 ਸੇਵਾਦਾਰਾਂ ਦੀਆਂ ਆਸਾਮੀਆਂ ਆਊਟਸੋਰਸ ਕਰਨ ਲਈ ਭਾਰਤ ਸਰਕਾਰ/ਰਾਜ ਸਰਕਾਰ ਵਲੋਂ ਮਾਨਤਾ ਪ੍ਰਾਪਤ ਸਰਵਿਸ ਪ੍ਰੋਵਾਈਡਰ ਏਜੰਸੀਆਂ ਤੋਂ ਪੇਸ਼ਕਸਾਂ ਦੀ ਮੰਗ ਕੀਤੀ ਜਾਂਦੀ ਹੈ। ਜਿਹੜੀਆਂ ਸਰਵਿਸ ਪ੍ਰੋਵਾਈਡਰ ਏਜੰਸੀਆਂ ਨਿਰਧਾਰਿਤ ਹੇਠ ਲਿਖੀਆਂ ਯੋਗਤਾਵਾਂ ਪੂਰੀਆਂ ਕਰਦੇ ਹੋਣ, ਉਹ ਪ੍ਰਸਾਸ਼ਨ-3 ਸਾਖਾ, ਕਮਰਾ ਨੰਬਰ 14,ਚੌਥੀ ਮੰਜਿਲ ਪੰਜਾਬ ਸਿਵਲ ਸਕੱਤਰੇਤ,ਚੰਡੀਗੜ੍ਹ ਵਿਖੇ ਇਸ ਇਸ਼ਤਿਹਾਰ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣੀਆਂ ਪੇਸ਼ਕਸ਼ਾਂ ਦੇ ਸਕਦੀਆਂ ਹਨ:-

1. ਸਿਰਫ ਉਹ ਹੀ ਸਰਵਿਸ ਪ੍ਰੋਵਾਈਡਰ ਏਜੰਸੀਆ ਅਪਲਾਈ ਕਰਨ ਜਿਹੜੀਆਂ ਭਾਰਤ ਸਰਕਾਰ/ਰਾਜ ਸਰਕਾਰ ਵਲੋਂ ਮਾਨਤਾ ਪ੍ਰਾਪਤ ਹੋਣ ਅਤੇ ਕਦੇ ਬਲੈਕ ਲਿਸਟ ਨਾ ਕੀਤੀਆਂ ਗਈਆਂ ਹੋਣ।

2. ਸਰਵਿਸ ਪ੍ਰੋਵਾਈਡਰ ਏਜੰਸੀਆਂ ਆਪਣੇ ਤਜਰਬੇ, ਕਿੰਨੇ ਸਾਲ ਤੋਂ ਕਿਹੜੇ-ਕਿਹੜੇ ਦਫਤਰਾਂ ਨੂੰ ਸਰਵਿਸ ਪ੍ਰੋਵਾਈਡ ਕਰਵਾਈ ਜਾ ਰਹੀ ਹੈ, ਸਬੰਧੀ ਦਸਤਾਵੇਜਾਂ ਸਮੇਤ ਅਤੇ ਸਰਵਿਸ ਚਾਰਜਿਸ, ਟਰਨ ਓਵਰ ਦਰਸਾਉਂਦੇ ਹੋਏ ਅਪਲਾਈ ਕਰੇਗੀ।

3. ਸਰਵਿਸ ਪ੍ਰੋਵਾਈਡਰ ਏਜੰਸੀ, ਏਜੰਸੀ ਦੀ ਰਜਿਸਟ੍ਰੇਸ਼ਨ ਦੀ ਕਾਪੀ/ਟੈਨ ਨੰਬਰ ਦੀ ਕਾਪੀ/ਸਰਵਿਸ ਟੈਕਸ ਰਜਿਸਟ੍ਰੇਸ਼ਨ ਨੰਬਰ/ਈ.ਪੀ.ਐਫ/ਈ.ਐਸ.ਆਈ ਦੀ ਰਜਿਸਟ੍ਰੇਸ਼ਨ ਕਾਪੀ ਨੱਥੀ ਕਰਕੇ ਭੇਜੇਗੀ।

4. ਸਰਵਿਸ ਪ੍ਰੋਵਾਈਡਰ ਏਜੰਸੀ, ਗਾਰੰਟੀ ਵਜੋਂ 20,00,000/-ਰੁਪਏ (ਵੀਹ ਲੱਖ ਰੁਪਏ) ਦੀ ਰਾਸ਼ੀ ਦੀ ਬੈਂਕ ਗਾਰੰਟੀ ਵਿਸੇਸ਼ ਸਕੱਤਰ ਮਾਲ ਜੀ ਦੇ ਨਾਂ ਤੇ ਜਮ੍ਹਾਂ ਕਰਵਾਏਗੀ।

5. ਏਜੰਸੀ ਇਨ੍ਹਾਂ ਸੇਵਾਦਾਰਾਂ ਦੀ ਤਨਖਾਹ ਦੀ ਅਦਾਇਗੀ ਬੈਂਕ ਟਰਾਂਸਫਰ (ਇਲੈਕਟ੍ਰੌਨਿਕ) ਰਾਹੀਂ ਕਰੇਗੀ। ਏਜੰਸੀ ਵਲੋਂ ਅਤੇ ਈ.ਪੀ.ਐਫ/ਈ.ਐਸ.ਆਈ ਆਦਿ ਦੀ ਰਕਮ ਸਬੰਧਤ ਅਦਾਰਿਆਂ ਵਿੱਚ ਜਮ੍ਹਾ ਕਰਵਾਉਣ ਤੋਂ ਬਾਅਦ ਹੀ ਏਜੰਸੀ ਦੀ ਪੇਮੈਂਟ ਰਿਇਮਬਰਸਮੈਂਟ ਕੀਤੀ ਜਾਵੇਗੀ।

6. ਜਦੋਂ ਵੀ ਡੀ.ਸੀ. ਚੰਡੀਗੜ੍ਹ ਵਲੋਂ ਸੇਵਾਦਾਰਾਂ ਦੇ ਡੀ.ਸੀ. ਰੇਟ ਵਧਾਏ ਜਾਣਗੇ ਤਾਂ ਏਜੰਸੀ ਵਲੋਂ ਇਨ੍ਹਾਂ ਸੇਵਾਦਾਰਾਂ ਨੂੰ ਬਣਦਾ ਏਰੀਅਰ ਦਿੱਤਾ ਜਾਵੇਗਾ।

7. ਏਜੰਸੀ ਪ੍ਰੋਵਾਈਡ ਕਰਵਾਏ ਗਏ ਇਨ੍ਹਾਂ ਕਰਮਚਾਰੀਆਂ ਦੇ ਜਮ੍ਹਾਂ ਕਰਵਾਏ ਗਏ ਈ.ਪੀ.ਐਫ ਅਤੇ ਈ.ਐਸ.ਆਈ ਦੀ ਕਰਮਚਾਰੀ ਵਾਈਜ ਲਿਸਟ ਦਫਤਰ ਨੂੰ ਹਰ ਮਹੀਨੇ ਭੇਜੇਗੀ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਹਰ 6 ਮਹੀਨੇ ਬਾਅਦ ਸਟੇਟਮੈਂਟ ਦੇਵੇਗੀ।

8. ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਏਜੰਸੀ ਨੂੰ 2.5% ਜਾਂ ਇਸ ਤੋਂ ਘੱਟ ਸਰਵਿਸ ਚਾਰਜ ਦੀ ਦਰ ਤੇ ਸਰਵਿਸ ਚਾਰਜਿਸ ਦਿੱਤਾ ਜਾਵੇਗਾ।

ਸਹੀ/-

ਵਿਸ਼ੇਸ਼ ਸਕੱਤਰ ਮਾਲ

revenue.punjab.gov.in